# ਪ੍ਰੈਸ ਨੋਟ

# ਇੱਕ ਪਰਮੇਸਰੁ - ਇੱਕ ਧਰਮ - ਇੱਕ ਮਨੁੱਖੀ ਪਰਿਵਾਰ

## ਉੱਘੀਆਂ ਧਾਰਮਿਕ ਸ਼ਖਸੀਅਤਾਂ, ਮਨੁੱਖੀ ਅਧਿਕਾਰ ਕਾਰਜਕਰਤਾ, ਵਿਦਵਾਨ ਅਤੇ ਕਿਸਾਨਾਂ ਨੇ ਏਕਤਾ, ਸ਼ਾਂਤੀ ਅਤੇ ਨਿਆਂ ਨੂੰ ਮਜਬੂਤ ਕਰਨ ਦੇ ਉਦਮ ਲਈ ਇਕੱਤਰ ਹੋਏ ।

ਚੰਡੀਗੜ੍ਹ, ੧੨ ਅਗਸਤ ੨੦੧੮

੧੮ ਅਗਸਤ ਨੂੰ ਲੁਧਿਆਣੇ ਵਿਖੇ ਮੁਸਲਿਮ, ਹਿੰਦੂ, ਇਸਾਈ ਅਤੇ ਸਿੱਖ ਭਾਈਚਾਰੇ ਦੀ ਪ੍ਰਤਿਨਿਧਿ ਹਸਤੀਆਂ, ਮੁਨੱਖੀ ਅਧਿਕਾਰ ਅਤੇ ਜ਼ਮੀਨੀ ਕਾਰਜਕਰਤਾ, ਵਿਦਵਾਨ ਅਤੇ ਕਿਸਾਨ "ਏਕਤਾ, ਸ਼ਾਂਤੀ ਅਤੇ ਨਿਆਂ ਨੂੰ ਮਜਬੂਤ ਕਰਨ ਦੇ ਉਦਮ" ਵਾਸਤੇ ਇੱਕ ਸਾਂਝਾ ਉਪਰਾਲਾ ਜਨਤਕ ਸੈਮੀਨਾਰ ਦੁਆਰਾ ਕਰਨ ਜਾ ਰਹੇ ਹਨ । ਇਹ ਇਕੱਠ ਸਚੁ ਖੋਜ ਅਕੈਡਮੀ ਅਤੇ ਯੂਨਾਇਟਿਡ ਰਿਲੀਜਿਅਸ ਫ੍ਰੰਟ ਫਾਰ ਪੀਸ ਐਂਡ ਜਸਟਿਸ ਦੇ ਸਾਂਝੇ ਉਦਮ ਨਾਲ ਆਯੋਜਿਤ ਕੀਤਾ ਜਾ ਰਿਹਾ ਹੈ । “ਏਕਤਾ ਵਿੱਚ ਤਾਕਤ,ਵੰਡ ਨਾਲ ਗਿਰਾਵਟ” ਦੇ ਨਿਸ਼ਾਨੇ ਤਹਿਤ ਇਹ ਉਪਰਾਲਾ ਸੰਪ੍ਰਦਾਇਕਤਾ ਤੋਂ ਉੱਪਰ ਉਠਕੇ, ਸਾਰੇ ਸੁਹਿਰਦ ਲੋਕਾਂ ਨੂੰ ਜੋੜਦਿਆਂ, ਜੀਵਨ ਦੇ ਹਰ ਪੱਖ ਵਿੱਚ ਏਕਤਾ, ਸ਼ਾਂਤੀ, ਅਤੇ ਨਿਆਂ ਦੇ ਸਥਾਪਤੀ ਨੂੰ ਮਜਬੂਤ ਕਰਦਾ ਹੈ । ਇਹ ਉਪਰਾਲਾ, ਵਿਸ਼ਵ ਸ਼ਾਂਤੀ ਦੀਆਂ ਮੌਜੂਦਾ ਕੋਸ਼ਿਸ਼ਾਂ, ਖਾਸ ਕਰਕੇ ਸੰਯੁਕਤ ਰਾਸ਼ਟਰ ਦੇ ਏਜੰਡਾ ੨੦੩੦ ਦੇ ਅੰਤਰਗਤ "ਟਿਕਾਊ ਵਿਕਾਸ ਦੇ ਟੀਚੇ" ਨੂੰ ਨੇਪਰੇ ਚਾੜ੍ਹਨ ਦੀ ਕੋਸ਼ਿਸ਼ ਵੱਲ ਇੱਕ ਕਦਮ ਹੈ । ਯੂ ਐਨ ਓ ਦੇ ਇਸ ਏਜੰਡੇ ਵਿੱਚ ੧੯੩ ਮੁਲਕ ਸ਼ਾਮਿਲ ਹਨ । "ਟਿਕਾਊ ਵਿਕਾਸ" ਉੱਤੇ ਕੇਂਦ੍ਰਿਤ ਇਸ ਏਜੰਡੇ ਦਾ ਮੁੱਖ ਨਿਸ਼ਾਨਾ ਹੈ - "ਕੋਈ ਵੀ ਪਿਛੇ ਨਾ ਰਹਿ ਜਾਵੇ"। ਇਸ ਕਰਕੇ ਇਹ ਉਹਨਾਂ ਸਾਰੀਆਂ ਕੋਸ਼ਿਸ਼ਾਂ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕਰਦਾ ਹੈ ਜੋ ਇਹਨਾਂ ਪੰਜ "ਪ" (ਪੱਪਿਆਂ) ਦਾ ਧਿਆਨ ਰੱਖਣ – ਪਲੈਨਟ (ਧਰਤੀ), ਪੀਪਲ (ਲੋਕ), ਪ੍ਰੋਸਪੈਰੀਟੀ (ਖੁਸ਼ਹਾਲੀ), ਪੀਸ (ਸ਼ਾਂਤੀ) ਅਤੇ ਪਾਰਟਨਰਸ਼ਿਪ (ਸਾਂਝੇਦਾਰੀ) ।

ਇਹ ਉਪਰਾਲਾ, ਧਰਮ ਸਿੰਘ ਨਿਹੰਗ ਸਿੰਘ ਜੀ, ਜੋ ਸਚੁ ਖੋਜ ਅਕੈਡਮੀ ਦੇ ਬਾਨੀ ਹਨ, ਦੀ ਲਗਾਤਾਰ ਚਲ ਰਹੀ ਗੱਲਬਾਤ ਦੀ ਲੜੀ, ਜਿਸ ਵਿੱਚ ਉੱਘੀਆਂ ਹਸਤੀਆਂ ਜਿਵੇਂ ਕਿ ਸਵਾਮੀ ਅਗਨੀਵੇਸ਼ (ਸਮਾਜ ਸੇਵਕ ਅਤੇ ਵਿਕਲਪਕ ਨੋਬਲ ਇਨਾਮ ਜੇਤੂ, ਨਵੀਂ ਦਿੱਲੀ), ਮਹਿਮੂਦ ਪਰਾਚਾ (ਐਡਵੋਕੇਟ ਸੁਪਰੀਮ ਕੋਰਟ, ਨਵੀਂ ਦਿੱਲੀ ਅਤੇ ਪ੍ਰਧਾਨ ਅੰਤਰਰਾਸ਼ਟਰੀ ਘੱਟ ਗਿਣਤੀ ਵਕੀਲ ਆਯੋਗ ਸਾਊਥ ਏਸ਼ੀਆ), ਮੌਲਾਨਾ ਮੁਹੱਮਦ ਅਜ਼ਾਜ਼ੁਰ ਰਹਿਮਾਨ ਸ਼ਾਹੀਨ ਕਾਸਮੀ (ਜਨਰਲ ਸਕੱਤਰ ਵਿਸ਼ਵ ਸ਼ਾਂਤੀ ਸੰਸਥਾ, ਨਵੀਂ ਦਿੱਲੀ), ਜਨਾਬ ਕਮਾਲ ਅਲੀ ਖਾਨ (ਯੂਨਾਇਟਿਡ ਰਿਲੀਜਿਅਸ ਫ੍ਰੰਟ ਫਾਰ ਪੀਸ ਐਂਡ ਜਸਟਿਸ ਅਤੇ ਇਸਲਾਮੀ ਵਿਦਵਾਨ, ਪਟਿਆਲਾ), ਪ੍ਰੋ. ਡਾ. ਰੌਣਕੀ ਰਾਮ (ਰਾਜਨੀਤੀ ਵਿਗਿਆਨ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਅਤੇ ਰਾਜਵਿੰਦਰ ਸਿੰਘ ਬੈਂਸ (ਐਡਵੋਕੇਟ ਮਨੁੱਖੀ ਅਧਿਕਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ) ਸ਼ਾਮਿਲ ਹਨ।

**ਧਰਮ ਸਿੰਘ ਨਿਹੰਗ ਸਿੰਘ**, ਬਾਨੀ ਸਚੁ ਖੋਜ ਅਕੈਡਮੀ: “ਸਾਡਾ ਸਫ਼ਰ ਧਾਰਮਿਕ ਅੰਤਰਦ੍ਰਿਸ਼ਟੀ ਦੇ ਧੁਰੇ ਤੋਂ ਸ਼ੁਰੂ ਹੋਇਆ ਹੈ: ਇੱਕ ਪਰਮੇਸਰੁ - ਇੱਕ ਧਰਮ - ਇੱਕ ਮਨੁੱਖੀ ਪਰਿਵਾਰ। ਪਿਛਲੇ ਕਈ ਦਹਾਕਿਆਂ ਤੋਂ ਭਾਰਤ ਅਤੇ ਅੰਤਰਰਾਸ਼ਟਰੀ ਪੱਧਰ ਉੱਤੇ ਚਲਾਏ ਜਾ ਰਹੇ ਸੰਵਾਦ ਨਾਲ ਸਾਨੂੰ ਇਹ ਸਪਸ਼ਟ ਹੋ ਗਿਆ ਕਿ ਮਨੁੱਖੀ ਪਰਿਵਾਰ ਅਤੇ ਧਰਤੀ ਮਾਤਾ ਦੀ ਸਾਂਭ ਸੰਭਾਲ ਕਰਨ ਵਾਲਿਆਂ ਦੇ ਵਿਚਾਰ ਇੱਕੋ ਜਿਹੇ ਹਨ ਅਤੇ ਇਹ ਸਾਰੇ "ਸਚੁ ਧਰਮ" ਦੇ ਮੰਨਣ ਵਾਲੇ ਹਨ। ਸਚੁ ਧਰਮ ਸੰਪ੍ਰਦਾਇਕ ਹੱਦਬੰਦੀ ਤੋ ਪਰੇ ਹੈ ਅਤੇ ਬਿਨਾ ਕਿਸੇ ਭੇਦ ਭਾਵ ਦੇ ਸਾਰਿਆਂ ਨੂੰ ਆਪਸ ਵਿੱਚ ਜੋੜਦਾ, ਪਿਆਰ ਫੈਲਾਉਂਦਾ, ਨਿਆਂ, ਮਨੁੱਖੀ ਅਧਿਕਾਰਾਂ ਅਤੇ ਕੁਦਰਤੀ ਸੋਮਿਆਂ ਦੀ ਰਖਿਆ ਕਰਦਾ ਹੋਇਆ ਸ਼ਾਂਤੀ ਅਤੇ ਨਿਆਂ ਨੂੰ ਮਜਬੂਤ ਕਰਦਾ ਹੈ। ਸੱਚ ਧਰਮ ਅਨੁਸਾਰ ਜੀਵਨ ਜਿਓਨ ਵਾਲੇ ਲੋਕ ਸੰਸਾਰੀ ਪ੍ਰਭੁਤਾ ਦੀ ਇੱਛਾ ਨਹੀਂ ਰਖਦੇ ਅਤੇ ਨਾ ਹੀ ਅਪਣੇ ਰਾਜਸੀ ਅਤੇ ਕਾਰੋਬਾਰੀ ਹਿਤਾਂ ਕਰਕੇ ਧਰਮ ਦੀ ਦੁਰਵਰਤੋਂ ਕਰਦੇ ਹਨ। ਸੱਚੇ ਧਾਰਮਿਕ ਲੋਕ ਸੰਸਾਰ ਵਿੱਚ ਸੁੱਚਜਾ ਅਤੇ ਦੂਰਅੰਦੇਸ਼ੀ ਵਾਲਾ ਸ਼ਾਸਨ ਚਲਾਉਣ ਵਾਸਤੇ ਰਾਜਨੇਤਾਵਾਂ ਨੂੰ ਜਿੰਮੇਵਾਰੀ ਨਾਲ ਆਪਣੀ ਰਾਇ  ਦਿੰਦੇ ਹਨ ਹਨ। ਅਸੀਂ ਇਹ ਮਹਿਸੂਸ ਕੀਤਾ ਹੈ ਕਿ ਜੋ ਲੋਕ ਇਸ ਨੈਤਿਕ ਜੀਵਨ ਸ਼ੈਲੀ ਦੀ ਅੰਤਰਦ੍ਰਿਸਟੀ ਨੂੰ ਸਮਰਪਿਤ ਹਨ, ਉਹਨਾਂ ਨੂੰ ਇਕਠਿਆਂ ਹੋਕੇ ਇਸ ਸੁਨੇਹੇ ਨੂੰ ਸਾਰੇ ਸੰਸਾਰ ਤਕ ਪਹੁੰਚਾਨ ਲਈ ਮੋਢੇ ਨਾਲ ਮੋਢਾ ਜੋੜ ਕੇ ਯਤਨਸ਼ੀਲ ਹੋਣਾ ਚਾਹੀਦਾ ਹੈ। ਇਸ ਕਰਕੇ ਅਸੀਂ ਸਾਰੇ ਲੋਕਾਂ ਨੂੰ ਆਪਸੀ ਧੜੇਬੰਦੀ ਤੋਂ ਉੱਪਰ ਉਠਕੇ ਕੇ, ਚੰਗਿਆਈ ਅਤੇ ਏਕਤਾ ਨਾਲ ਜੁੜਨ ਦਾ ਸੱਦਾ ਦਿੰਦੇ ਹਾਂ ਤਾਂਕਿ ਸੰਯੁਕਤ ਰਾਸ਼ਟਰ ਦੇ "ਟਿਕਾਓ ਵਿਕਾਸ ਦੇ ਟੀਚੇ" ਨੂੰ ਸਿਰੇ ਚੜ੍ਹਾਓਨ ਵਿੱਚ ਯੋਗਦਾਨ ਪਾਇਆ ਜਾ ਸਕੇ।”

**ਸਵਾਮੀ ਅਗਨੀਵੇਸ਼**, ਸਮਾਜ ਸੇਵਕ ਅਤੇ ਵਿਕਲਪਕ ਨੋਬਲ ਇਨਾਮ ਦਾ ਜੇਤੂ: “ਅਸੀਂ ਇਕ ਐਸੇ ਸੰਸਾਰ ਵਾਸਤੇ ਯਤਨਸ਼ੀਲ ਹਾਂ ਜਿਥੇ ਕਾਮੇ, ਕਿਸਾਨ, ਮਰਦ, ਔਰਤ, ਬੱਚੇ ਅਤੇ ਬੁਜ਼ੁਰਗ ਆਪਸੀ ਪਿਆਰ, ਸ਼ਾਂਤੀ ਅਤੇ ਇਜ਼ੱਤ ਨਾਲ ਰਹਿ ਸੱਕਣ। ਮੋਜੂਦਾ ਸਮੇਂ ਵਿੱਚ ਮਨੁੱਖੀ ਅਧਿਕਾਰਾਂ ਦੇ ਘਾਣ, ਅਤਿਵਾਦ ਅਤੇ ਹਿੰਸਾ, ਅਨਿਆਂ, ਭ੍ਰਿਸ਼ਟਾਚਾਰ, ਸ਼ੋਸ਼ਣ ਅਤੇ ਧਰਮ ਦੀ ਸੰਪ੍ਰਦਾਇਕਤਾ ਵਾਸਤੇ ਦੁਰਵਰਤੋਂ ਦੀ ਭਿਆਨਕ ਪ੍ਰਿਸ਼ਠਭੂਮੀ ਵਿੱਚ ਪਿਆਰ, ਨਿਆਂ ਅਤੇ ਏਕਤਾ ਦਾ ਸੁਨੇਹਾ ਸਮੇਂ ਦੇ ਸਰਵਉਚ ਮੰਗ ਹੈ।”

**ਮਹਿਮੂਦ ਪਰਾਚਾ**, ਐਡਵੋਕੇਟ ਸੁਪ੍ਰੀਮ ਕੋਰਟ ਨਵੀਂ ਦਿੱਲੀ ਅਤੇ ਪਰੈਜ਼ੀਡੈਂਟ ਦੱਖਣੀ ਏਸ਼ੀਆ ਘੱਟਗਿਣਤੀ ਵਕੀਲ ਆਯੋਗ: “ਹਰ ਮਨੁੱਖ ਇਸ ਧਰਤੀ ਦਾ ਨਾਗਰਿਕ ਹੈ। ਇਸ ਕਰਕੇ ਧਰਤੀ ਮਾਤਾ ਜੋ ਕੁਦਰਤੀ ਸੋਮੇਂ ਸਾਨੂੰ ਦਿੰਦੀ ਹੈ ਓਹਨਾਂ ਦੇ ਸਾਂਭ ਸੰਭਾਲ ਦੀ ਜਿੰਮੇਵਾਰੀ ਸਾਰੇ ਲੋਕਾਂ ਦੀ ਸਾਂਝੀ ਹੈ ਚਾਹੇ ਓਹ ਭਾਰਤ ਦੇ ਵਾਸੀ ਹੋਣ ਜਾਂ ਸੰਸਾਰ ਦੇ ਕਿਸੇ ਭੀ ਹੋਰ ਖਿੱਤੇ ਦੇ। ਮਨੁੱਖ ਇੱਕੋ ਇਕ ਐਸੀ ਜਾਤੀ ਹੈ, ਜਿਸ ਵਿੱਚ ਸਮਾਜ ਨੂੰ ਚੰਗੀ ਸੇਧ ਦੇਣ ਅਤੇ ਕੁਦਰਤੀ ਸੋਮਿਆਂ ਨੂੰ ਸੰਭਾਲਣ ਲਈ ਆਪਣੀ ਅਕਲ ਦੀ ਵਰਤੋਂ ਕਰਨ ਦੀ ਸਮਰੱਥਾ ਹੈ, ਇਸ ਕਰਕੇ ਇਹ ਜਿੰਮੇਵਾਰੀ ਖਾਸ ਕਰਕੇ ਸਾਡੇ ਮੋਢਿਆਂ ਉੱਤੇ ਹੈ ਕਿ ਅਸੀਂ ਕੁਦਰਤੀ ਸੋਮਿਆਂ ਦੀ ਵਰਤੋਂ ਅਤੇ ਸੰਭਾਲ ਕਰਦੇ ਹੋਏ ਇਸ ਗੱਲ ਦਾ ਧਿਆਨ ਰਖੀਏ ਕਿ ਜੋ ਜੀਵ ਇਨਾਂ ਸੋਮਿਆਂ ਉੱਤੇ ਨਿਰਭਰ ਹਨ, ਓਹ ਸੁੱਖ ਸ਼ਾਂਤੀ ਨਾਲ ਇਕੱਠੇ

ਰਹਿ ਸਕਣ। ਆਓ ਅਸੀਂ ਆਪਣੇ ਫਰਜ਼ ਨੂੰ ਨਿਤਾਪ੍ਰਤੀ ਚੇਤੇ ਰਖਦੇ ਹੋਏ, ਸੱਚੇ ਗਿਆਨ ਦੀ ਸੇਧ ਨੂੰ ਧਰਤੀ ਵਲੋਂ ਮਿਲੇ ਬਹੁਮੁੱਲੀ ਕੁਦਰਤੀ ਖ਼ਜ਼ਾਨੇ ਦੀ ਸੰਭਾਲ ਵਾਸਤੇ ਵਰਤੀਏ।"

**ਜਨਾਬ ਕਮਾਲ ਅਲੀ ਖਾਨ**, ਯੂਨਾਇਟਿਡ ਰਿਲੀਜਿਅਸ ਫ੍ਰੰਟ ਫਾਰ ਪੀਸ ਐਂਡ ਜਸਟਿਸ ਅਤੇ ਇਸਲਾਮੀ ਵਿਦਵਾਨ: "ਇਸਲਾਮ ਇਸ ਗੱਲ ਉੱਤੇ ਖਾਸ ਜੋਰ ਦਿੰਦਾ ਹੈ ਕਿ ਅਸੀਂ ਇੱਕ ਪਰਮੇਸਰੁ ਦੀ ਸੰਤਾਨ ਹਾਂ ਅਤੇ ਇਸ ਨਾਤੇ ਆਪਸ ਵਿੱਚ ਭੈਣ ਭਰਾ ਹਾਂ। ਸਾਨੂੰ ਨਫਰਤ ਦੀ ਭਾਵਨਾ ਪੂਰਣ ਤਿਆਗ ਕਰਕੇ, ਉੱਪਰ ਉਠ ਕੇ ਵਿੱਚਰਨਾ ਚਾਹੀਦਾ ਹੈ। ਜਦੋਂ ਅਸੀਂ ਸਾਰੇ ਇੱਕਜੁੱਟ ਹੋ ਜਾਵਾਂਗੇ, ਇਕ ਪਰਿਵਾਰ ਦੀ ਤਰਾਂ ਪਿਆਰ ਨਾਲ ਰਹਾਂਗੇ, ਏਕਤਾ ਅਤੇ ਸ਼ਾਂਤੀ ਆਪਣੇ ਆਪ ਹਮੇਸ਼ਾਂ ਵਾਸਤੇ ਮਜਬੂਤ ਹੋ ਜਾਵੇਗੀ।"

**ਮੌਲਾਨਾ ਮੁਹੱਮਦ ਅਜ਼ਾਜ਼ੁਰ ਰਹਿਮਾਨ ਸ਼ਾਹੀਨ ਕਾਸਮੀ**, ਜਨਰਲ ਸਕੱਤਰ ਵਿਸ਼ਵ ਸ਼ਾਂਤੀ ਸੰਸਥਾ: "ਧਰਮ ਦਾ ਨਿਸ਼ਾਨਾ ਏਕਤਾ ਹੈ ਅਤੇ ਜੋ ਲੋਕ ਸ਼ਾਂਤੀ ਅਤੇ ਏਕਤਾ ਵਾਸਤੇ ਕੰਮ ਕਰ ਰਹੇ ਹਨ, ਉਨਾਂ ਦੇ ਆਪਸੀ ਸਹਿਯੋਗ ਦੇ ਵਧੇਰੇ ਲੋੜ ਹੈ। ਆਮ ਦੇਖਣ ਵਿੱਚ ਆਉਂਦਾ ਹੈ ਕਿ ਅਸੀਂ ਕਈ ਤਰਾਂ ਨਾਲ ਵੰਡੇ ਹੋਏ ਹਾਂ। ਅਕਸਰ ਜਾਣਕਾਰੀ ਦੀ ਘਾਟ ਕਾਰਣ ਧਰਮ ਬਾਰੇ ਗਲਤਫ਼ਹਮੀ ਪੈਦਾ ਹੋ ਜਾਂਦੀ ਹੈ ਅਤੇ ਇਸਤੋਂ ਵੀ ਵਧੇਰੇ ਧਰਮ ਦੀ ਮਾੜੀ ਦੁਰਵਰਤੋਂ ਆਪਸੀ ਵੈਰ ਵਿਰੋਧ ਅਤੇ ਹਿੰਸਾ ਵਾਸਤੇ ਕੀਤੀ ਜਾਂਦੀ ਹੈ। ਸਮੇਂ ਦੀ ਪੁਰਜ਼ੋਰ ਮੰਗ ਹੈ ਕਿ ਅਸੀਂ ਸਾਰੇ ਇਕੱਠੇ ਹੋਕੇ ਹਰ ਤਰਾਂ ਦੇ ਸਮਾਜਿਕ ਅਨਿਆਂ ਅਤੇ ਧਰਮ ਦੀ ਦੁਰਵਰਤੋਂ ਦੇ ਖਿਲਾਫ਼ ਲਾਮਬੰਦ ਹੋਈਏ। ਅਗਰ ਅਸੀਂ ਪਰਮੇਸਰੁ ਦੇ ਹੁਕਮ ਵਿੱਚ ਤੁਰਾਂਗੇ, ਸੰਸਾਰ ਵਿੱਚ ਏਕਤਾ ਅਤੇ ਸ਼ਾਂਤੀ ਆਪਣੇ ਆਪ ਬਹਾਲ ਹੋ ਜਾਵੇਗੀ।"

**ਪ੍ਰੋ. ਡਾ. ਰੌਣਕੀ ਰਾਮ**, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ: "ਸ਼ਾਂਤੀ ਅਤੇ ਨਿਆਂ ਦੇ ਸਵਾਲ ਦਾ ਗੂਹੜਾ ਸੰਬੰਧ ਜਮੀਨੀ ਪੱਧਰ ਉੱਤੇ ਲੋਕਾਂ ਦੇ ਸਸ਼ਕਤੀਕਰਣ ਨਾਲ ਸੰਬੰਧਿਤ ਹੈ ਤਾਂ ਕਿ ਓਹ ਅਪਣੀ ਪ੍ਰਤਿਭਾ ਦਾ ਪੂਰਾ ਲਾਭ ਲੈ ਸਕਣ। ਹੁਨਰ ਦੇ ਹੁੰਦਿਆਂ ਭੀ ਪ੍ਰਾਪਤੀ ਦੀ ਸੰਭਾਵਨਾ ਅਤੇ ਵਾਸਤਵਿਕਤਾ ਦਾ ਪਾੜਾ ਸਮਾਜਿਕ ਅਨਿਆਂ ਅਤੇ ਗੈਰ ਬਰਾਬਰੀ ਨੂੰ ਬੇਪਰਦਾ ਕਰਦਾ ਹੈ। ਇਸ ਮੌਕੇ ਉੱਤੇ ਧਰਮ ਇਕ ਸਕਾਰਾਤਮਕ ਕਿਰਦਾਰ ਨਿਭਾ ਸਕਦਾ ਹੈ, ਪਰ ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਧਰਮ ਅਤੇ ਧਾਰਮਿਕ ਸੰਸਥਾਵਾਂ ਉੱਤੇ ਐਸੇ ਲੋਕ ਭਾਰੂ ਹੋ ਜਾਂਦੇ ਹਨ, ਜੋ ਅਪਨੇ ਨਿਜੀ ਅਤੇ ਰਾਜਨੀਤਿਕ ਫਾਇਦੇ ਵਾਸਤੇ ਧਰਮ ਨੂੰ ਝਗੜੇ ਅਤੇ ਸੰਪ੍ਰਦਾਇਕ ਹਿੰਸਾ ਵਿੱਚ ਵਰਤਦੇ ਹਨ। ਇਸ ਕਰਕੇ ਨਿਆਂ ਅਤੇ ਸ਼ਾਂਤੀ ਸਥਾਪਿਤ ਕਰਨ ਵਾਲੇ ਇਕ ਐਸੇ ਏਕੀਕ੍ਰਤ ਦ੍ਰਿਸ਼ਟੀਕੋਣ ਦੀ ਖਾਸ ਲੋੜ ਹੈ, ਜਿਥੇ ਕਿ ਇੱਕ ਐਸਾ ਆਧਾਰਭੂਤ ਢਾਂਚਾ ਮੁਹਇਆ ਕਰਾਇਆ ਜਾ ਸਕੇ, ਜਿਥੇ ਸਭ ਲੋਕ ਬਿਨਾਂ ਕਿਸੇ ਨੂੰ ਅਣਦੇਖਾ ਕੀਤੇ, ਆਪਣੀ ਪ੍ਰਤਿਭਾਵਾਂ ਦਾ ਪਰਸਪਰ ਲਾਭ ਉਠਾ ਸਕਣ।"

**ਰਾਜਵਿੰਦਰ ਸਿੰਘ ਬੈਂਸ**, ਮਨੁੱਖੀ ਅਧਿਕਾਰ ਐਡਵੋਕੇਟ ਪੰਜਾਬ ਐਂਡ ਹਰਿਆਣਾ ਹਾਈ ਕੋਰਟ: "ਇੱਕ ਐਸੇ ਨਿਆਂ ਅਧਾਰਿਤ ਸਮਾਜ ਦੀ ਸਿਰਜਣਾ ਜੋ ਸ਼ਾਂਤੀ ਨਾਲ ਭਰਪੂਰ ਹੋਵੇ ਅਤੇ ਜਿਥੇ ਹਰ ਬੱਚਾ ਅਪਨੀ ਪ੍ਰਤਿਭਾ ਦੀ ਬੁਲੰਦੀਆਂ ਨੂੰ ਛੂਹ ਸਕੇ, ਇੱਕ ਐਸੇ ਸਮਾਜਿਕ ਢਾਂਚੇ ਨੂੰ ਸਥਾਪਿਤ ਕਰਨ ਦੀ ਲੋੜ ਹੈ, ਜਿਥੇ ਕਿਸੇ ਨਾਲ ਵੀ ਭੇਦਭਾਵ ਨਾ ਹੋਵੇ। ਜਿਥੇ ਹਰ ਕਿਸੇ ਨੂੰ ਰਹਿਣ ਲਈ ਸਾਫ਼ ਸੁਥਰੇ ਅਤੇ ਸੁਰਖਿਅਤ ਘਰ, ਮੁਫਤ ਜਾ ਕਿਫਾਇਤੀ ਪੜ੍ਹਾਈ ਅਤੇ ਸਿਹਤ ਬੀਮਾ ਮੁਹਇਆ ਹੋਵੇ। ਇਸ ਨੂੰ ਪ੍ਰਾਪਤ ਕਰਨ ਵਾਸਤੇ ਸਾਨੂੰ ਸਚੁ ਧਰਮ ਦੀ ਉਚੀ ਸੇਧ ਲੈਣ ਦੀ ਲੋੜ ਹੈ।"

**ਇਹ ਜਨਤਕ ਸੈਮੀਨਾਰ ੧੮ ਅਗਸਤ ੨੦੧੮ ਨੂੰ ਸ਼ਾਮ ੬ ਤੋ ੧੦ ਵਜੇ ਤਕ ਅਨਾਜ ਮੰਡੀ, ਅਰੋਰਾ ਪੈਲਸ ਦੇ ਪਿਛੇ, ਲੁਧਿਆਣਾ, ਪੰਜਾਬ ਵਿਖੇ ਆਯੋਜਿਤ ਕੀਤਾ ਗਿਆ ਹੈ।**

**ਪਿਛੋਕੜ**

ਸਚੁ ਖੋਜ ਅਕੈਡਮੀ ਇਕ ਗੈਰ ਸਰਕਾਰੀ ਸੰਸਥਾ ਹੈ, ਜੋ ਗੁਰਮਤਿ ਦੇ ਗਿਆਨ ਦੀ ਰੋਸ਼ਿਨੀ ਵਿੱਚ ਸਿੱਖੀ ਦੀ ਮੌਲਿਕ ਜਾਣਕਾਰੀ ਦੇਣ ਦੇ ਨਾਲ ਨਾਲ ਪੂਰੇ ਸੰਸਾਰ ਵਿੱਚ ਏਕਤਾ, ਸ਼ਾਂਤੀ, ਮਨੁੱਖੀ ਅਧਿਆਕਾਰਾਂ, ਨਿਆਂ ਅਤੇ ਕੁਦਰਤੀ ਸੋਮਿਆਂ ਦੀ ਸੁਰਖਿਆ ਕਰਨ ਲਈ ਧਰਮ ਦੀ ਜਿੰਮੇਵਾਰੀ ਅਤੇ ਝੰਡਾ ਬਰਦਾਰੀ ਬਾਰੇ ਜਾਗਰੂਕਤਾ ਲਈ ਵਚਨਬੱਧ ਹੈ। ਧਰਮ ਸਿੰਘ ਨਿਹੰਗ ਸਿੰਘ, ਸਚੁ ਖੋਜ ਅਕੈਡਮੀ ਦੇ ਬਾਨੀ ਹਨ ਅਤੇ ਉਨਾਂ ਵਲੋਂ ਕੀਤੀ ਗਈ ਹਜ਼ਾਰਾਂ ਘੰਟੇ ਦੀ ਗੁਰਬਾਣੀ ਵਿਆਖਿਆ, ਯੂ ਟਯੂਬ ਉੱਤੇ ਪ੍ਰਸਾਰਿਤ ਕੀਤੀ ਗਈ ਹੈ ਅਤੇ ਅੱਜ ਵੀ ਦੇਖੀ ਸੁਣੀ ਜਾ ਸਕਦੀ ਹੈ। ਧਰਮ ਸਿੰਘ ਨਿਹੰਗ ਸਿੰਘ ਜੀ ਨੇ ਵੱਖ ਵੱਖ ਵਿਸ਼ਿਆਂ ਉਤੇ ਲੇਖ ਲਿਖੇ ਹਨ | ਉਹ "ਧਰਮ ਜਰੂਰੀ ਹੈ - ਭਵਿਖ ਦੀਆਂ ਚੁਣੋਤੀਆਂ ਉਤੇ ਪੁਨਰਵਿਚਾਰ" ਸੰਗੋਸ਼ਠੀ ਦੇ ਪਹਿਲੇ ਅਤੇ ਮੁੱਖ ਬੁਲਾਰੇ ਸਨ। ਇਹ ਸੰਗੋਸ਼ਠੀ ੨੦੧੫ ਵਿੱਚ ਜਰਮਨੀ ਦੀ ਫੈਡਰਲ ਮਿਨਿਸਟਰੀ ਫ਼ੋਰ ਇਕੋਨੋਮਿਕ ਡੀਵੈਲਪਮੈਂਟ (ਬੀ ਐਮ ਜ਼ੈਡ) ਵਲੋਂ ਆਯੋਜਿਤ ਗਈ ਸੀ। ਸਾਲ ੨੦੧੬ ਵਿੱਚ, ਧਰਮ ਸਿੰਘ ਨਿਹੰਗ ਸਿੰਘ ਨੇ "ਵਾਈਸਿਸ ਫ੍ਰਾਮ ਰਿਲੀਜਨ ਓਨ ਸਸਟੇਨੇਬਲ ਡੀਵੈਲਪਮੈਂਟ" ਸਿਰਲੇਖ ਹੇਠਛਪੀ ਕਿਤਾਬ ਦੇ ਲਿਖਾਰੀਆਂ ਵਿੱਚੋਂ ਇੱਕ ਸਨ। ਇਹ ਕਿਤਾਬ ੨੦੧੬ ਦੀਆਂ ਗਰਮੀਆਂ ਵਿੱਚ ਹੋਈਆਂ ਸੰਯੁਕਤ ਰਾਸਟਰ ਦੀਆਂ ਟਿਕਾਊ ਵਿਕਾਸ ਨਾਲ ਧਰਮ ਦੇ ਸੰਬੰਧ ਬਾਰੇ ਹੋਈਆਂ ਸਲਾਹ ਬੈਠਕਾਂ ਦਾ ਨਤੀਜਾ ਸੀ।

ਯੁਨਾਇਟਿਡ ਰੀਲੀਜੀਅਸ ਫ੍ਰੰਟ ਫਾਰ ਪੀਸ ਏਂਡ ਜਸਟਿਸ, ਮੁਸਲਿਮ ਸਿੱਖ ਫ੍ਰੰਟ ਆਫ਼ ਪੰਜਾਬ ਉੱਤੇ ਅਧਾਰਿਤ ਹੈ। ਇਸਦਾ ਮੁਖ ਉਦੇਸ਼ ਹੈ ਕਿ ਸਮਾਜਿਕ ਅਤੇ ਧਾਰਮਿਕ ਪਿਛੋਕੜ ਦੇ ਪਰਵਾਹ ਕੀਤੇ ਬਗੈਰ, ਸਾਰੇ ਲੋਕਾਂ ਨੂੰ ਆਪਸ ਵਿੱਚ ਜੋੜ ਕੇ, ਨਫ਼ਰਤ ਅਤੇ ਸੰਪ੍ਰਦਾਇਕਤਾ ਨੂੰ ਜੀਵਨ ਦੇ ਹਰ ਪੱਖ ਖਾਸਕਰ ਧਰਮ ਅਤੇ ਸਿਆਸਤ ਵਿਚੋਂ ਦੂਰ ਕਰਕੇ, ਸੰਸਾਰ ਦੇ ਮਾਹੋਲ ਨੂੰ ਆਉਣ ਵਾਲੀ ਨਸਲਾਂ ਦੇ ਰਹਿਣ ਲਈ ਸ਼ਾਂਤ ਅਤੇ ਰਹਿਣ ਦੇ ਯੋਗ ਬਣਾਇਆ ਜਾਵੇ।

**ਸੰਪਰਕ**

ਵਧੇਰੇ ਜਾਣਕਾਰੀ ਵਾਸਤੇ ਸਚੁ ਖੋਜ ਅਕੈਡਮੀ ਨਾਲ ਸੰਪਰਕ ਕਰੋ:

ਫੋਨ: 9915805070, 9878314700, www.sachkhojacademy.wordpress.com

ਜਾਂ ਯੁਨਾਇਟਿਡ ਰਿਲੀਜਿਅਸ ਐਸੋਸੀਏਸ਼ਨ ਫਾਰ ਪੀਸ ਐਂਡ ਜਸਟਿਸ

ਫੋਨ: 9417665066, 9417905747